7

# ਪਵਿੱਤਰ ਆਤਮਾ ਕਿਵੇਂ ਬਦਲਦਾ ਹੈ

ਆਮ ਤੌਰ 'ਤੇ ਪਾਪੀ ਦੇ ਮਨ ਬਦਲਣ 'ਚ ਪਵਿੱਤਰ ਆਤਮਾ ਦੇ ਕੰਮ ਕਰਨ ਦੇ ਤਰੀਕੇ ਦੇ ਸਵਾਲ 'ਤੇ ਗ਼ਲਤਫ਼ਹਿਮੀ ਪਾਈ ਜਾਂਦੀ ਹੈ, ਜਿਸ ਕਰਕੇ ਇਹ ਇਕ ਭੇਤ ਲਗਦਾ ਹੈ। ਪਵਿੱਤਰ ਆਤਮਾ ਦੇ ਕੰਮ ਦੇ ਸਬੰਧ ਵਿਚ ਉਲਝਣ ਇਹ ਨਹੀਂ ਹੈ ਕਿ ਪਵਿੱਤਰ ਆਤਮਾ ਹੈ ਜਾਂ ਨਹੀਂ, ਜਾਂ ਉਹ ਕੰਮ ਕਰਦਾ ਹੈ ਜਾਂ ਨਹੀਂ। ਆਮ ਤੌਰ 'ਤੇ ਇਨ੍ਹਾਂ ਗੱਲਾਂ ਵਿਚ ਸਹਿਮਤੀ ਪਾਈ ਹੀ ਜਾਂਦੀ ਹੈ।

ਜ਼ਰੂਰੀ ਨਹੀਂ ਕਿ ਚਰਚਾ ਇਸ ਗੱਲ 'ਤੇ ਹੋਵੇ ਕਿ ਉਹ ਪਾਪੀ ਲਈ ਕੀ ਕਰਦਾ ਹੈ; ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਉਹ ਲਾਜਵਾਬ ਕਰਦਾ ਹੈ, ਵਿਸ਼ਵਾਸ ਦੁਆਉਂਦਾ ਹੈ ਅਤੇ ਅਗਵਾਈ ਕਰਦਾ ਹੈ। ਅਸਲ ਸਵਾਲ ਇਹ ਹੈ ਕਿ ਉਹ ਇਹ ਕੰਮ ਕਰਦਾ *ਕਿਵੇਂ* ਹੈ।

ਦੋ ਵਿਚਾਰ ਪੇਸ਼ ਕੀਤੇ ਗਏ ਹਨ ਜਿਨ੍ਹਾਂ 'ਚੋਂ ਇਕ ਇਹ ਹੈ ਕਿ ਉਹ ਫ਼ੌਰਨ ਅਤੇ ਚਮਤਕਾਰੀ ਢੰਗ ਨਾਲ ਕੰਮ ਕਰਦਾ ਹੈ; ਦੂਜਾ ਇਹ ਹੈ ਕਿ ਉਹ ਇਕ ਵਸੀਲੇ ਭਾਵ ਖ਼ੁਦਾ ਦੇ ਵਚਨ ਰਾਹੀਂ ਕੰਮ ਕਰਦਾ ਹੈ। ਇਸ ਵਿਸ਼ੇ 'ਤੇ ਚਰਚਾ ਕਰਦਿਆਂ ਇਹ ਸਪੱਸ਼ਟ ਹੋ ਜਾਵੇਗਾ ਕਿ ਕਿਹੜੀ ਸਥਿਤੀ ਸਹੀ ਹੈ।

## ਆਤਮਾ ਕੌਣ ਹੈ?

ਪਹਿਲੀ ਗੱਲ ਜੋ ਸਾਫ਼ ਕੀਤੀ ਜਾਣੀ ਜ਼ਰੂਰੀ ਹੈ ਉਹ ਇਹ ਹੈ ਕਿ ਪਵਿੱਤਰ ਆਤਮਾ ਖ਼ੁਦਾਈ ਦੇ ਤਿੰਨ ਸ਼ਖ਼ਸਾਂ ਵਿੱਚੋਂ ਇਕ ਹੈ। ਜਗਤ ਦੀ ਰਚਨਾ ਵਿਚ ਉਤਪਤ ਦੀ ਪੁਸਤਕ ਦੇ ਸ਼ੁਰੂ 'ਚ ਵਿਚ ਉਹਦਾ ਜ਼ਿਕਰ ਆਉਂਦਾ ਹੈ (ਉਤਪਤ 1:2)। ਇਹਦੇ ਇਲਾਵਾ, ਖ਼ੁਦਾ ਅਤੇ ਮਸੀਹ ਦੇ ਨਾਲ ਮੱਤੀ 28:19 ਅਤੇ 1 ਯੂਹੰਨਾ 5:8 ਵਰਗੀਆਂ ਆਇਤਾਂ ਵਿਚ ਵੀ ਉਹਦਾ ਜ਼ਿਕਰ ਆਉਂਦਾ ਹੈ।

ਆਤਮਾ ਲਈ ਅਕਸਰ ਵਿਅਕਤੀਵਾਚਕ ਪੜਨਾਂਵਾਂ ਦੀ ਵਰਤੋਂ ਹੁੰਦੀ ਹੈ (ਯੂਹੰਨਾ 14:16, 17, 26)। ਉਹਦੇ ਗੁਣ ਸ਼ਖ਼ਸੀਅਤ ਵਾਲੇ ਮੰਨੇ ਜਾਂਦੇ ਹਨ। ਉਹ ਸਿਖਾਉਂਦਾ ਹੈ (ਲੂਕਾ 12:12, ਯੂਹੰਨਾ 14:26), ਗੱਲ ਕਰਦਾ ਹੈ (ਇਬਰਾਨੀਆਂ 3:7; 1 ਤਿਮੋਥਿਉਸ 4:1) ਅਤੇ ਜਾਣਦਾ ਹੈ (1 ਕੁਰਿੰਥੀਆਂ 2:11)। ਉਹ ਬੇਨਤੀ ਕਰਦਾ ਹੈ (ਰੋਮੀਆਂ 8:26) ਅਤੇ ਉਦਾਸ ਹੋ ਸਕਦਾ ਹੈ (ਅਫ਼ਸੀਆਂ 4:30)।

ਜਦ ਸਾਨੂੰ ਸਮਝ ਆ ਜਾਂਦੀ ਹੈ ਕਿ ਪਵਿੱਤਰ ਆਤਮਾ ਇਕ ਬੁੱਧਵਾਨ ਵਿਅਕਤੀ ਹੈ, ਭੂਤ ਜਿਹਾ ਅਹਿਸਾਸ ਨਹੀਂ ਹੈ, ਤਾਂ ਉਹਦੇ ਕੰਮ ਕਰਨ ਦਾ ਤਰੀਕਾ ਹੋਰ ਸਪੱਸ਼ਟ ਹੋ ਜਾਂਦਾ ਹੈ। ਉਹ

ਲੋਕਾਂ ਨੂੰ ਓਸੇ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ ਜਿਵੇਂ ਕਿਸੇ ਸਿਆਣੇ ਆਦਮੀ ਤੋਂ ਦੂਜੇ ਨੂੰ ਪ੍ਰਭਾਵਿਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

## ਰਸੂਲਾਂ ਦੇ ਸਮੇਂ ਮਨ ਬਦਲੀ

ਪਵਿੱਤਰ ਆਤਮਾ ਦੇ ਕੰਮ ਕਰਨ ਦੇ ਢੰਗ ਨੂੰ ਤੈਅ ਕਰਨ ਦਾ ਸਭ ਤੋਂ ਵਧੀਆ ਢੰਗ ਰਸੂਲਾਂ ਦੇ ਸਮੇਂ ਹੋਇਆਂ ਮਨਬਦਲਿਆਂ ਵਿਚ ਉਹਦੇ ਯੋਗਦਾਨ ਦੀ ਸਮੀਖਿਆ ਕਰਨਾ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਮਨ ਬਦਲੀਆਂ ਦੀ ਕਿਤਾਬ ਹੈ। ਆਓ ਇਸ ਕਿਤਾਬ ਵਿੱਚੋਂ ਮਨਬਦਲੀ ਦੀਆਂ ਦੋ ਘਟਨਾਵਾਂ ਨੂੰ ਚੁਣਦੇ ਹਾਂ ਅਤੇ ਵੇਖਦੇ ਹਾਂ ਕਿ ਇਨ੍ਹਾਂ ’ਚੋਂ ਹਰੇਕ ਵਿਚ ਆਤਮਾ ਨੇ ਕਿਵੇਂ ਕੰਮ ਕੀਤਾ।

ਰਸੂਲਾਂ ਦੇ ਕੰਮ 2 ਅਧਿਆਇ ਵਿਚ ਉਸ ਦਿਨ ਬਾਰੇ ਦੱਸਿਆ ਗਿਆ ਹੈ ਜਦ ਆਤਮਾ ਲਾਜਵਾਬ ਅਤੇ ਬਦਲਣ ਦਾ ਕੰਮ ਸ਼ੁਰੂ ਕਰਨ ਆਇਆ ਸੀ। ਉਸ ਇਕ ਦਿਨ ਵਿਚ ਉਹਨੇ ਤਿੰਨ ਹਜ਼ਾਰ ਰੂਹਾਂ ਜਿੱਤੀਆਂ ਸਨ। ਉਨ੍ਹਾਂ ਸੁਣਨ ਵਾਲਿਆਂ ਵਿਚ ਆਤਮਾ ਨੇ ਕਿਵੇਂ ਕੰਮ ਕੀਤਾ? ਅਸੀਂ ਵੇਖਦੇ ਹਾਂ ਕਿ ਉਹਨੇ ਇਹ ਕੰਮ ਸਿਰਫ਼ ਪਤਰਸ ਵੱਲੋਂ ਕਹੀਆਂ ਗਈਆਂ ਗੱਲਾਂ ਨਾਲ ਕੀਤਾ ਸੀ। ਉਹ ਉਹੀ ਬੋਲ ਰਿਹਾ ਸੀ ਜੋ ਆਤਮਾ ਉਸ ਤੋਂ ਬੁਲਵਾ ਰਿਹਾ ਸੀ (ਮੱਤੀ 10:20)।

ਰਸੂਲਾਂ ਦੇ ਕੰਮ 8 ਅਧਿਆਇ ਵਿਚ ਇਥੋਪੀਆ ਦੇ ਅਧਿਕਾਰੀ ਦੀ ਕਹਾਣੀ ਦੱਸੀ ਗਈ ਹੈ। ਯਕੀਨਨ ਹੀ ਉਹ ਬਿਲਕੁਲ ਸਹੀ ਬਦਲਾਅ ਹੋਇਆ ਸੀ, ਪਰ ਕੀ ਉਹਨੂੰ ਆਤਮਾ ਨੇ ਬਦਲਿਆ ਸੀ? ਸਭ ਸਹਿਮਤ ਹੋਣਗੇ ਕਿ ਉਹਨੂੰ ਆਤਮਾ ਨੇ ਹੀ ਬਦਲ ਦਿੱਤਾ ਸੀ। ਫਿਰ ਆਤਮਾ ਨੇ ਉਹਨੂੰ ਕਿਵੇਂ ਪ੍ਰਭਾਵਿਤ ਕੀਤਾ। ਸਰਸਰੀ ਤੌਰ ’ਤੇ ਪੜ੍ਹਨ ਨਾਲ ਹੀ ਪਤਾ ਚੱਲ ਜਾਵੇਗਾ ਕਿ ਇਹ ਫ਼ਿਲਿੱਪੁਸ ਦੇ ਸਿਖਾਉਣ ਨਾਲ ਹੋਇਆ ਸੀ, ਜਿਹਦੇ ਬੋਲਣ ਵਿਚ ਅਗਵਾਈ ਪਵਿੱਤਰ ਆਤਮਾ ਦੇ ਰਿਹਾ ਸੀ।

ਇਨ੍ਹਾਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਆਤਮਾ ਨੇ ਵਚਨ ਦੇ ਰਾਹੀਂ ਹੀ ਕੰਮ ਕੀਤਾ ਸੀ, ਵਚਨ ਤੋਂ ਅਲਹਿਦਾ ਨਹੀਂ। ਜਦ ਲੋਕਾਂ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਤੋਂ ਵਚਨ ਸੁਣਿਆ, ਤਾਂ ਉਨ੍ਹਾਂ ਨੇ ਆਤਮਾ ਤੋਂ ਹੀ ਸੁਣਿਆ ਸੀ। ਜਦ ਇਨ੍ਹਾਂ ਵਚਨਾਂ ਨਾਲ ਉਹ ਬਦਲੇ ਤਾਂ ਉਹ ਆਤਮਾ ਦੇ ਰਾਹੀਂ ਹੀ ਬਦਲ ਰਹੇ ਸਨ। ਜਦ ਉਨ੍ਹਾਂ ਉਸ ਸੁਣੇ ਹੋਏ ਵਚਨ ਨੂੰ ਨਕਾਰਿਆ ਤਾਂ ਉਹ ਆਤਮਾ ਦਾ ਹੀ ਵਿਰੋਧ ਕਰ ਰਹੇ ਸਨ (ਰਸੂਲਾਂ ਦੇ ਕੰਮ 7:51, 52; ਨਹਮਯਾਹ 9:30)। ਇਸਤੀਫ਼ਾਨ ਨੇ ਉਨ੍ਹਾਂ ’ਤੇ ਜਿਨ੍ਹਾਂ ਉਹਦੀ ਸਿੱਖਿਆ ਨੂੰ ਨਕਾਰ ਦਿੱਤਾ, ਆਤਮਾ ਦੇ ਵਿਰੋਧ ਕਰਨ ਦਾ ਦੋਸ਼ ਲਾਇਆ ਸੀ (ਰਸੂਲਾਂ ਦੇ ਕੰਮ 7:51)।

## ਆਤਮਾ ਅੱਜ ਲੋਕਾਂ ਨੂੰ ਕਿਵੇਂ ਬਦਲਦਾ ਹੈ?

ਭਲਾ ਪਵਿੱਤਰ ਆਤਮਾ ਮਨਬਦਲੀ ਵਿਚ ਅੱਜ ਵੀ ਉਹੀ ਕੁਝ ਕਰਦਾ ਹੈ ਜੋ ਉਹਨੇ ਰਸੂਲਾਂ ਦੇ ਕੰਮ ਕਿਤਾਬ ’ਚ ਕੀਤਾ? ਹਾਂ। ਅੱਜ ਸਾਡੇ ਕੋਲ ਖ਼ੁਦਾ ਦੀ ਪ੍ਰੇਰਣਾ ਪਾਏ ਲੋਕ ਨਹੀਂ ਹਨ, ਜਾਂ ਹਨ? ਨਹੀਂ। ਮੋਅਜਜ਼ਿਆਂ ਦਾ ਯੁਗ ਖ਼ਤਮ ਹੋ ਚੁੱਕਿਆ ਹੈ। ਪਰ ਆਤਮਾ ਨੇ ਉਨ੍ਹਾਂ ਨੂੰ ਸਿਰਫ਼ ਬੋਲਣ ਦੀ ਹੀ ਅਗਵਾਈ ਨਹੀਂ ਦਿੱਤੀ ਸੀ। ਉਹਨੇ ਉਨ੍ਹਾਂ ਨੂੰ ਲਿਖਣ ਦੀ ਵੀ ਅਗਵਾਈ ਦਿੱਤੀ ਸੀ। ਇਸ ਕਰਕੇ ਸਾਡੇ ਕੋਲ ‘‘ਬੋਲਣ’’ ਲਈ ਖ਼ੁਦਾ ਦੀ ਪ੍ਰੇਰਣਾ ਨਾਲ ਮਿਲੇ ਉਹਦੇ ਵਚਨ ਹਨ। ਬਾਈਬਲ ਆਤਮਾ ਦਾ ਵਚਨ ਹੈ।

ਇਬਰਾਨੀਆਂ 3:7 ਵਿਚ ਪੁਰਾਣੇ ਨੇਮ ਦਾ ਇਕ ਹਵਾਲਾ ਹੈ ਜਿਹਨੂੰ ਆਤਮਾ ਦੀ ਗੱਲ ਕਿਹਾ ਗਿਆ ਹੈ। 2 ਪਤਰਸ 1:20, 21 ਕਹਿੰਦਾ ਹੈ ਕਿ ਗੁਜ਼ਰੇ ਜ਼ਮਾਨੇ ਵਿਚ ਪਵਿੱਤਰ ਲੋਕਾਂ ਨੂੰ ਨਬੂਵਤਾਂ ਆਤਮਾ ਵੱਲੋਂ ਮਿਲੀਆਂ। 2 ਤਿਮੋਥਿਉਸ 3:16 ਵੀ ਇਸੇ ਤਰ੍ਹਾਂ ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਤੋਂ ਹੋਣ ਦਾ ਦਾਅਵਾ ਕਰਦਾ ਹੈ। ਪ੍ਰਕਾਸ਼ ਦੀ ਪੋਥੀ 2 ਅਤੇ 3 ਵਿਚ ਯੂਹੰਨਾ ਨੇ ਕਲੀਸੀਆਵਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਧਿਆਨ ਦੇਣ ਕਿ ਆਤਮਾ ਉਨ੍ਹਾਂ ਨੂੰ ਕੀ ਕਹਿ ਰਿਹਾ ਸੀ। ਆਤਮਾ ਦੀ ਗੱਲ ਨੂੰ ਉਹ ਯੂਹੰਨਾ ਦੀਆਂ ਲਿਖੀਆਂ ਗੱਲਾਂ 'ਤੇ ਧਿਆਨ ਦੇ ਕੇ ਹੀ ਸੁਣ ਸਕਦੇ ਸਨ।

ਹੁਣ ਅਸੀਂ ਵੇਖਦੇ ਹਾਂ ਕਿ ਆਤਮਾ ਅਤੇ ਵਚਨ ਆਪਣੇ ਕੰਮ ਨੂੰ ਕਿਵੇਂ ਕਰਦੇ ਹਨ। ਦੋਵੇਂ ਹੀ ਜ਼ਿੰਦਗੀ (ਯੂਹੰਨਾ 6:63), ਨਵਾਂ ਜਨਮ (ਯੂਹੰਨਾ 3:5, 1 ਪਤਰਸ 1:23) ਦੇਣ ਅਤੇ ਪਵਿੱਤਰ ਕਰਨ (1 ਕੁਰਿੰਥੀਆਂ 6:11; ਯੂਹੰਨਾ 17:17) ਵਿਚ ਲੱਗੇ ਹੋਏ ਹਨ।

ਉਦਾਹਰਣ ਲਈ ਆਓ ਪਵਿੱਤਰ ਕਰਨ 'ਤੇ ਵਿਚਾਰ ਕਰਕੇ ਵੇਖਦੇ ਹਾਂ ਕਿ ਇਸ ਨਾਲ ਸਾਡਾ ਸਵਾਲ ਕਿਵੇਂ ਸਪੱਸ਼ਟ ਹੁੰਦਾ ਹੈ। ਸਾਨੂੰ ਆਤਮਾ ਅਤੇ ਵਚਨ ਨਾਲ ਸ਼ੁੱਧ ਕੀਤਾ ਜਾਂਦਾ ਹੈ। ਆਤਮਾ ਵਚਨ ਨਾਲ ਸ਼ੁੱਧ ਕਰਦਾ ਹੈ। ਆਤਮਾ ਵਿਅਕਤੀ ਹੈ ਜਦਕਿ ਵਚਨ ਹਥਿਆਰ ਹੈ। ਇਹ ਆਤਮਾ ਦੀ ਤਲਵਾਰ ਹੈ (ਅਫ਼ਸੀਆਂ 6:17)। ਰੁੱਖ ਨੂੰ ਕੁਹਾੜੀ ਨਾਲ ਕੱਟੀਦਾ ਹੈ। ਇਸ ਕੰਮ ਵਿਚ ਬੰਦੇ ਅਤੇ ਕੁਹਾੜੀ ਦੋਹਾਂ ਦਾ ਯੋਗਦਾਨ ਹੁੰਦਾ ਹੈ, ਪਰ ਉਹ ਆਦਮੀ ਕੰਮ ਹਥਿਆਰ ਨਾਲ ਕਰਦਾ ਹੈ। ਉਹ ਆਪਣੀ ਤਲਵਾਰ ਦੀ ਵਰਤੋਂ ਕਰਕੇ ਕੰਮ ਕਰਦਾ ਹੈ, ਇਹਦੇ ਬਗ਼ੈਰ ਨਹੀਂ।

## ਸਾਰ

ਆਤਮਾ ਬਾਰੇ ਬਾਈਬਲ ਜੋ ਸਿਖਾਉਂਦੀ ਹੈ, ਸਾਨੂੰ ਇਹਦੀ ਹਰ ਗੱਲ ਨੂੰ ਮੰਨਣਾ ਜ਼ਰੂਰੀ ਹੈ। ਭਲਾ ਇਕ ਪਾਪੀ ਦੇ ਦਿਲ 'ਚ ਉਹ ਕਿਵੇਂ ਕੰਮ ਕਰਦਾ ਹੈ? ਆਪਣੇ ਵਚਨ ਦੇ ਰਾਹੀਂ। ਉਹ ਕਿਸੇ ਗੁਪਤ ਤਰੀਕੇ ਨਾਲ ਕੰਮ ਨਹੀਂ ਕਰਦਾ ਹੈ। ਜਦ ਅਸੀਂ ਉਹਦੀਆਂ ਸਿੱਖਿਆਵਾਂ ਨੂੰ ਮੰਨ ਕੇ ਉਹਦੇ ਹੁਕਮਾਂ 'ਤੇ ਚੱਲਦੇ ਹਾਂ ਤਾਂ ਅਸੀਂ ਆਤਮਾ ਦੇ ਚਲਾਏ ਚੱਲ ਰਹੇ ਹੁੰਦੇ ਹਾਂ। ਜੋ ਆਤਮਾ ਦੇ ਚਲਾਏ ਚੱਲਦੇ ਹਨ ਉਹ ਹੀ ਖ਼ੁਦਾ ਦੇ ਪੁੱਤਰ ਹਨ (ਰੋਮੀਆਂ 8:14)। ਤੁਸੀਂ ਆਤਮਾ ਦੀ ਗੱਲ ਮੰਨ ਰਹੇ ਹੋ, ਜਾਂ ਉਹਦਾ ਵਿਰੋਧ ਕਰ ਰਹੇ ਹੋ?